7

# ਇਲਾਹੀ ਅਗਵਾਈ, 1

ਅਸੀਂ ਅਗਵਾਈ ਲਈ ਦੁਆ ਕਰਦੇ ਹਾਂ ਅਤੇ ਸਾਨੂੰ ਇਲਾਹੀ ਅਗਵਾਈ ਮੰਗਣੀ ਵੀ ਚਾਹੀਦੀ ਹੈ। ਗਵਾਹੀਆਂ ਵਿਚ ਸ਼ੱਕ ਦੀ ਗੁੰਜਾਈਸ਼ ਰਹਿੰਦੀ ਹੈ। ਧਿਆਨ ਦਿਓ ਕਿ ਉਹ ਬਿਲਕੁਲ ਉਹੀ ਹੁੰਦੀਆਂ ਹਨ ਜਿਵੇਂ ਕਿਸੇ ਨੇ ਚਾਹਿਆ ਹੋਵੇ। ਗਵਾਹੀਆਂ ਵਿਚ ਨਾਕਾਮੀ ਦੀ ਗੱਲ ਕੋਈ ਨਹੀਂ ਕਰਦਾ। ਨਿਸ਼ਾਨਾਂ ਤੋਂ ਖ਼ਬਰਦਾਰ ਰਹੋ। ਕਿਉਂਕਿ ਜਿਸ ਨੂੰ ਤੁਸੀਂ ਖ਼ੁਦਾਈ ਅਗਵਾਈ ਸਮਝਦੇ ਹੋ ਸਕਦਾ ਹੈ ਕਿ ਉਹ ਕਿਸੇ ਦੇ ਮੰਨ ਦਾ ਸਿਰਫ਼ ਖ਼ਿਆਲ ਹੋਵੇ। ਅਸੀਂ ਦੁਆ ਕਰਦੇ ਹਾਂ ਅਤੇ ਫ਼ੇਰ ਸੁਣਦੇ ਅਤੇ ਵੇਖਦੇ ਹਾਂ। ਅਸੀਂ ਆਖ਼ਦੇ ਹਾਂ, ''ਖ਼ਦਾਇਆ, ਇਸ ਬੋਰਡ ਉੱਤੇ 'ਹਾਂ' ਜਾਂ 'ਨਹੀਂ' ਜੋ ਵੀ ਹੋਵੇ ਲਿਖ ਦੇ।'' ਖ਼ੁਦਾ ਲਈ ''ਹਾਂ'' ਜਾਂ ''ਨਹੀਂ'' ਜ਼ੋਰ ਨਾਲ ਬੋਲਣਾ ਅਸਾਨ ਹੋਵੇਗਾ, ਪਰ ਉਹ ਇਸ ਤਰ੍ਹਾਂ ਚਾਹੁੰਦਾ ਨਹੀਂ ਹੈ। ਇਸ ਵਿਚ ''ਆਖ਼ਰੀ ਸਮੇਂ ਦੇ ਮੁਕਾਸ਼ਫੇ'' ਦੀ ਗੰਧ ਹੋਵੇਗੀ। ਉਸ ਦੀ ''ਹਾਂ'' ਜਾਂ ''ਨਹੀਂ'' ਸੁਣ ਕੇ ਉਸ ਨੂੰ ਉਵੇਂ ਹੀ ਨਾ ਮੰਨਣਾ ਪਾਪ ਹੋਵੇਗਾ। ਜ਼ਬੂਰ 143:10 ਅਤੇ ਯੂਹੰਨਾ 7:17 ਦੋਹਾਂ ਤੋਂ ਪਤਾ ਲਗਦਾ ਹੈ ਕਿ ਸਾਡੇ ਲਈ ਖ਼ੁਦਾ ਦੀ ਮਰਜ਼ੀ ਨੂੰ ਜਾਣਨ ਹੀ ਨਹੀਂ ਬਲਕਿ ਉਸ ਨੂੰ ਮੰਨਣਾ ਵੀ ਜ਼ਰੂਰੀ ਹੈ। ਸਾਡੇ ਵਿੱਚੋਂ ਬਹੁਤੇ ਲੋਕ ਇਸ ਨੂੰ ਜਾਣਨ ਲਈ ਦੁਆ ਕਰਦੇ ਹਨ। ਇਕ ਜਣਾ ਬੁੱਧ ਲਈ ਦੁਆ ਕਰਦਾ ਹੈ। ਕੋਈ ਬਾਈਬਲ ਦੀ ਸੱਚਿਆਈ ਦਾ ਗਿਆਨ ਪਾਉਣ ਲਈ ਪੜ੍ਹਦਾ ਹੈ। ਇਸ ਗੱਲ ਨੂੰ ਕਿ ''ਪ੍ਰਭੂ ਨੇ ਮੇਰੇ ਨਾਲ ਗੱਲ ਕੀਤੀ ਹੈ'' ਸਾਬਤ ਨਹੀਂ ਕੀਤਾ ਜਾ ਸਕਦਾ! ਉਹ ਹੁਣ ਇਵੇਂ ਗੱਲ ਨਹੀਂ ਕਰਦਾ! ਇਹ ਕਹਿਣਾ ਕਿ ''ਪ੍ਰਭੂ ਨੇ ਮੈਨੂੰ ਇਹ ਜਾਂ ਉਹ ਕਰਨ ਲਈ ਕਿਹਾ ਹੈ'' ਬੱਚਿਆਂ ਵਾਲੀ ਹਰਕਤ ਹੈ। ਬਾਈਬਲ ਵਿਚ ਕਿਤੇ ਵੀ ਇਹ ਸੁਝਾਅ ਨਹੀਂ ਮਿਲਦਾ ਕਿ ਅਸੀਂ ਆਪਣੇ ਖ਼ਿਆਲਾਂ ਨਾਲ ਖ਼ੁਦਾ ਦੀ ਮਰਜ਼ੀ ਜਾਂ ਖ਼ੁਦਾ ਦੇ ਵਚਨ ਨੂੰ ਜਾਣ ਸਕਦੇ ਹਾਂ। ਖ਼ੁਦਾ ਲਈ ''ਥੋੜਾ ਉੱਚਾ ਬੋਲੋ, ਮੈਨੂੰ ਸੁਣ ਨਹੀਂ ਰਿਹਾ'' ਵਰਗੀ ਕੋਈ ਗੱਲ ਨਹੀਂ ਹੈ। ਮਨ ਦੀਆਂ ਭਾਵਨਾਵਾਂ ਨੂੰ ਮੁਕਾਸ਼ਫਾ ਨਹੀਂ ਕਿਹਾ ਜਾ ਸਕਦਾ। ਭਾਵਨਾਵਾਂ ਨੂੰ ਖ਼ੁਦਾਈ ਮੁਕਾਸ਼ਫ਼ੇ ਦਾ ਨਾਂਅ ਦੇਣਾ ਖ਼ੁਦਾ ਦਾ ਮਜ਼ਾਕ ਉਡਾਉਣਾ ਹੈ। ਬਾਈਬਲ ਹੱਥ ਵਿਚ ਲਏ ਬੰਦੇ ਦਾ ਨਿੱਜੀ ਅਨੁਭਵ ਵਾਲੇ ਸ਼ਖ਼ਸ ਨਾਲ ਕੋਈ ਮੁਕਾਬਲਾ ਨਹੀਂ ਹੈ।

ਖ਼ੁਦਾ ਸਰਵ ਸ਼ਕਤੀ ਦਾ ਮਾਲਕ ਹੈ ... ਮਨੁੱਖ ਅਜ਼ਾਦ-ਨੈਤਿਕ ਪ੍ਰਾਣੀ ਹੈ। ਖ਼ੁਦਾ ਆਪਣੀ ਸੰਪ੍ਰਭੂਤਾ ਜਾਂ ਪਸੰਦ ਚੁਣਨ ਦੀ ਮਨੁੱਖ ਦੀ ਅਜ਼ਾਦੀ ਨੂੰ ਭੰਗ ਨਹੀਂ ਕਰੇਗਾ। ਖ਼ੁਦਾ ਸਾਨੂੰ ਰੋਟੀ ਦਿੰਦਾ ਹੈ। ਪਰ ਉਹ ਦਾਲ-ਸਬਜ਼ੀ ਅਤੇ ਚੌਲ, ਸਜਾ ਕੇ ਥਾਲੀ ਦੇ ਵਿਚ ਨਹੀਂ ਰੱਖਦਾ। ਕਿਸੇ ਅਜਿਹੀ ਗੱਲ ਲਈ ਦੁਆ ਨਾ ਕਰੋ ਜਿਸ ਨੂੰ ਤੁਸੀਂ ਆਪ ਕਰਨ ਲਈ ਤਿਆਰ ਨਾ ਹੋਵੋ। ਖ਼ੁਦਾ ਉਸ ਦਾ ਜਵਾਬ ਕਿਉਂ ਦੇਵੇ ਜਿਸ ਦਾ ਜਵਾਬ ਅਸੀਂ ਨਹੀਂ ਦੇਣਾ ਚਾਹੁੰਦੇ। ਜੇ ਤੁਹਾਡਾ ਯਕੀਨ ਨਹੀਂ ਹੈ ਤਾਂ ਦੁਆ ਕਰਨੀ ਛੱਡ ਦਿਓ। ਦੁਆ ਲਈ ਪਕਿਆਈ ਅਤੇ ਜ਼ਿੰਮੇਵਾਰੀ ਦੋਵੇਂ ਹੋਣੇ ਜ਼ਰੂਰੀ ਹਨ। ਖ਼ੁਦਾ ਸਾਨੂੰ ''ਮਰਦਾਂ ਵਾਂਗ ਕੰਮ'' ਕਰਨ ਲਈ ਆਖਦਾ ਹੈ।

ਦੁਆ ਦੇ ਜਵਾਬ ਵਿਹਾਰ ਤੋਂ ਹੀ ਮਿਲਦੇ ਹਨ। ਸਾਨੂੰ ਦੱਸਿਆ ਗਿਆ ਹੈ, '' ਪਰ ਜੇ ਤੁਹਾਡੇ ਵਿੱਚੋਂ ਕਿਸੇ ਨੂੰ ਬੁੱਧ ਦਾ ਘਾਟਾ ਹੋਵੇ ਤਾਂ ਉਹ ਪਰਮੇਸ਼ੁਰ ਕੋਲੋਂ ਮੰਗੇ ਜਿਹੜਾ ਸਭਨਾਂ ਨੂੰ ਖੁੱਲ੍ਹੇ ਦਿਲ ਨਾਲ ਬਿਨਾ ਉਲਾਂਭੇ ਦੇ ਦਿੰਦਾ ਹੈ, ਤਾਂ ਉਹ ਨੂੰ ਦਿੱਤੀ ਜਾਵੇਗੀ। ਪਰ ਨਿਹਚਾ ਨਾਲ ਮੰਗੇ ਅਤੇ ਕੁਝ ਭਰਮ ਨਾ ਕਰੇ'' (ਯਾਕੂਬ 1:5, 6)। ''ਪਰ ਜਿਹੜੀ ਬੁੱਧ ਉੱਪਰੋਂ ਹੈ ਉਹ ਤਾਂ ਪਹਿਲਾਂ ਪਵਿੱਤਰ

ਹੈ, ਫੇਰ ਮਿਲਣਸਾਰ, ਸ਼ੀਲਤਾ ਨਾਲ ਭਰਪੂਰ, ਦੁਆਇਤ ਭਾਵ ਤੋਂ ਰਹਿਤ ਅਤੇ ਨਿਸ਼ਕਪਟ ਹੁੰਦੀ ਹੈ'' (ਯਾਕੂਬ 3:17)। ਅਸੀਂ ਗਿਆਨ ਪਾਉਣ ਲਈ ਦੁਆ ਨਹੀਂ ਕਰਦੇ, ਨਾ ਹੀ ਖ਼ੁਦਾ ਸਾਡੇ ਆਮ ਗਿਆਨ ਵਿਚ ਵਾਧਾ ਕਰਦਾ ਹੈ। ਦੁਆ ਸਾਨੂੰ ਹਲੀਮ ਬਣਾਉਂਦੀ ਹੈ, ਹੁਸ਼ਿਆਰ ਨਹੀਂ। ਖ਼ੁਦਾ ਸਾਨੂੰ ਬੁੱਧ ਨਾਲੋਂ ਵੱਖਰਾ ਖ਼ਾਸ ਜਵਾਬ ਨਹੀਂ ਦਿੰਦਾ ... ਪਰ ਦੁਆ ਨਾਲ ਮਿਲੀ ਬੁੱਧ ਸੁਭਾਅ ਹੀ ਹੈ! ਪਵਿੱਤਰਤਾਈ ਆਦਮੀ ਨੂੰ ਖ਼ੁਦਾ ਦੀ ਇੱਛਾ ਨਾਲ ਮਿਲਾ ਦਿੰਦੀ ਹੈ। ਖ਼ੁਦਾ ਸੁਭਾਅ ਦੀ ਮਜ਼ਬੂਤੀ ਨਾਲ ਸਾਨੂੰ ਅਗਵਾਈ ਦਿੰਦਾ ਹੈ। ਅਸੀਂ ਜਵਾਬ ਚਾਹੁੰਦੇ ਹਾਂ! ਖ਼ੁਦਾ ਰੂਹਾਨੀਅਤ ਦੀ ਪਰਿਪੱਕਤਾ ਚਾਹੁੰਦਾ ਹੈ। ਵਚਨ ਨੂੰ ਆਪਣੇ ਦਿਲਾਂ ਵਿਚ ਲੁਕਾ ਕੇ ਆਤਮਾ ਨਾਲ ਭਰਪੂਰ ਹੋਣਾ ਜ਼ਰੂਰੀ ਹੈ। ਸਾਡੇ ਅੰਦਰ ਮਸੀਹ ਦਾ ਮਨ ਹੋਣਾ ਜ਼ਰੂਰੀ ਹੈ। ਅਸੀਂ ਵਧ ਰਹੇ ਹਾਂ ਬਲਕਿ ਸਿਰ ਤਕ ਵੱਡੇ ਹੋ ਰਹੇ ਹਾਂ। ਅਸੀਂ ਦੁੱਧ ਪੀਣ ਤੋਂ ਅੰਨ ਦੀ ਪਛਾਣ ਕਰਨ ਵਾਲੇ ਬਣ ਜਾਂਦੇ ਹਾਂ।

ਖ਼ੁਦਾ ਹਲਾਤ ਨੂੰ ਵੱਸ ਵਿਚ ਰੱਖਦਾ ਹੈ। ਸ਼ੈਤਾਨ ਵੀ ਰੁਕਾਵਟਾਂ ਪਾਉਣੀਆਂ ਛੱਡਦਾ ਨਹੀਂ ਹੈ। ਖ਼ੁਦਾ ਨੂੰ ਫ਼ਰਕ ਪਤਾ ਸੀ ਪਰ ਮੈਨੂੰ ਨਹੀਂ। ਖ਼ੁਦਾ ਹਾਲਾਤਾਂ ਵਿਚ ਕੰਮ ਕਰਦਾ ਹੈ। ਉਹ ਸਾਡੇ ਲਈ ਦਰਵਾਜੇ ਖੋਲ੍ਹਦਾ ਅਤੇ ਬੰਦ ਕਰਦਾ ਹੈ। ਸਾਨੂੰ ਇਹ ਗੱਲ ਮੰਨਣੀ ਚਾਹੀਦੀ ਹੈ। ਉਦੋਂ ਵੀ ਜਦ ਸਾਡੇ ਅੱਗੇ ਦਰਵਾਜ਼ੇ ਠਾਹ ਕਰਕੇ ਬੰਦ ਹੁੰਦੇ ਹਨ, ਖ਼ੁਦਾ ਸਾਡੇ ਨਾਲ ਹੀ ਹੁੰਦਾ ਹੈ। ਖ਼ੁਦਾ ਸਾਡੀ ਤਾਕਤ ਨਾਲੋਂ ਵੱਧ ਸਾਨੂੰ ਅਜ਼ਮਾਇਸ਼ ਵਿਚ ਨਹੀਂ ਪੈਣ ਦਿੰਦਾ (1 ਕੁਰਿੰਥੀਆਂ 10:13)। ਉਹ ਸਾਨੂੰ ਬਾਹਰ ਨਿਕਲਣ ਦਾ ਵੀ ਰਸਤਾ ਵਿਖਾਏਗਾ। ਪਰ ਸਾਡੇ ਵਿਹਾਰ ਲਈ ਅਸੀਂ ਆਪੇ ਜ਼ਿੰਮੇਵਾਰ ਹਾਂ। ਖ਼ੁਦਾ ਸਾਨੂੰ ਉਸ ਦੁਸ਼ਟ ਤੋਂ ਬਚਾਏਗਾ (ਮੱਤੀ 6)। ਬਾਈਬਲ ਮੁਤਾਬਕ ਬੁੱਧ ਸਾਡੇ ਹਰ ਫੈਸਲੇ ਉੱਤੇ ਮੋਹਰ ਹੈ। ਆਤਮਾ ਨਾਲ ਭਰਪੂਰ ਹੋਣ ਦਾ ਮਤਲਬ ਪਰਖ ਕਰਨ ਵਾਲੇ ਹੋਣਾ ਹੈ (ਇਬਰਾਨੀਆਂ 5:12–14 ਅਫ਼ਸੀਆਂ 5:18; ਕੁਲੁੱਸੀਆਂ 3:16)। ਮਨੁੱਖ ਆਪਣੇ ਆਪ ਨੂੰ ਖ਼ੁਦਾ ਦੇ ਸਪੁਰਦ ਕਰ ਦਿੰਦਾ ਹੈ ਅਤੇ ਖ਼ੁਦਾ ਹਾਲਾਤ ਨੂੰ ਸੰਭਾਲ ਦਿੰਦਾ ਹੈ। ਆਪਣੀਆਂ ਕਮਜ਼ੋਰੀਆਂ ਨਾਲ ਖ਼ੁਦਾ ਨੂੰ ਵੇਖਣਾ ਅਸਾਨ ਹੈ ਪਰ ਤੇਜ਼ ਰੌਸ਼ਨੀ ਵਿੱਚੋਂ ਉਸ ਨੂੰ ਵੇਖਣਾ ਮੁਸ਼ਕਿਲ ਹੈ। ਫੇਰ ਖ਼ਬਰਦਾਰ, ਜਜ਼ਬਾਤੀ ਹੋਣ ਤੋਂ ਖ਼ਬਰਦਾਰ ਰਹੋ: ''ਦਿਲ ਸਭ ਚੀਜ਼ਾਂ ਨਾਲੋਂ ਧੋਖੇਬਾਜ਼ ਹੈ, ਉਹ ਪੁੱਜ ਕੇ ਖ਼ਰਾਬ ਹੈ, ਉਹਨੂੰ ਕੌਣ ਜਾਣ ਸਕਦਾ ਹੈ'' (ਯਿਰਮਿਯਾਹ 17:9)।

ਅਸੀਂ ਦੁਆ ਵਿਚ ਜੱਦੋ ਜਹਿਦ ਕਰਦੇ ਹਾਂ; ਦੁਆ ਵਿਚ ਵਧਦੇ ਹਾਂ; ਦੁਆ ਵਿਚ ਬਣੇ ਰਹਿੰਦੇ ਹਾਂ। ਦੁਆ ਤਦ ਤਕ ਕਰਦੇ ਰਹਿੰਦੇ ਹਾਂ ਜਦ ਤਕ ਕਰ ਸਕਦੇ ਹਾਂ! ਤਦ ਤਕ ਦੁਆ ਕਰਦੇ ਰਹੋ ਜਦ ਤਕ ਉਸ ਵਿੱਚੋਂ ਕੁਝ ਭਲਿਆਈ ਨਹੀਂ ਨਿੱਕਲਦੀ। ਖ਼ੁਦਾ ''ਮੁਸ਼ਕਿਲਾਂ ਨੂੰ ਹੱਲ ਕਰਨ ਵਾਲਾ'' ਹੀ ਨਹੀਂ ਬਲਕਿ ''ਲੋੜਾਂ ਨੂੰ ਪੂਰਿਆਂ ਕਰਨ ਵਾਲਾ'' ਖ਼ੁਦਾ ਵੀ ਹੈ। ਉਹ ''ਅਸਮਾਨ ਵਿਚ ਲੋੜ ਦਾ ਮੀਟਰ'' ਨਹੀਂ ਹੈ। ਉਹ ਸਾਨੂੰ ਬਦਲਣ ਲਈ ਨਹੀਂ ਆਉਂਦਾ। ਦੁਆ ਦਾ ਜਵਾਬ ਤਦੇ ਮਿਲਦਾ ਹੈ ਜਦ ਸਾਡੀ ਦੁਆ ਇਕ ਭਲੇ ਮਾਨਸ ਦੇ ਰੂਪ ਵਿਚ ਪੂਰੀ ਹੰਦੀ ਹੈ। ਦੁਆ ਦੇ ਜਵਾਬਾਂ ਤੋਂ ਬਹੁਤਾ ਜੋਸ਼ ਵਿਚ ਨਾ ਆਓ ਅਤੇ ਨਾ ਦੁਆ ਦੇ ਜਵਾਬਾਂ ਤੋਂ ਬਹੁਤਾ ਪਰੇਸ਼ਾਨ ਹੋਵੋ।